# MARDAVIN KAMUK SHOSHAN DA VIRTANT: INTERVEL TON BAAD

# ਮਰਦਾਵੀਂ ਕਾਮੁਕ ਸ਼ੋਸ਼ਣ ਦਾ ਬਿਰਤਾਂਤ : ਇੰਟਰਵਲ ਤੋਂ ਬਾਅਦ

**ਡਾ. ਜਸਪਾਲਜੀਤ (Dr. Jaspaljit )**

**ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ**

**ਸਰਕਾਰੀ ਕਾਲਜ, ਹੁਸਨਰ, ਜ਼ਿਲ੍ਹਾ- ਸ੍ਰੀ ਮੁਕਤਸਰ ਸਾਹਿਬ (ਪੰਜਾਬ)**

**E-Mail ID: jaspaljitgc@gmail.com ਮੋਬਾਈਲ: +91-94633-74012**

**ਸਾਰ (Abstract)**

*ਵਰਤਮਾਨ ਯੁੱਗ ਨੂੰ ਭਾਵੇਂ ਨਾਰੀ ਆਤਮਾ ਦੀ ਆਰਥਿਕ ਨਿਰਭਰਤਾ ਅਤੇ ਸਵੈ-ਸੁਤੰਤਰਤਾ ਦਾ ਯੁੱਗ ਕਿਹਾ ਜਾਂਦਾ ਹੈ ਪ੍ਰੰਤੂ ਫਿਰ ਵੀ ਨਾਰੀ ਪਿਤਰਕੀ ਪ੍ਰਬੰਧ ਦੀਆਂ ਸਥਾਪਿਤ ਰੂੜੀਪਰਕ ਕੀਮਤਾਂ/ਪ੍ਰਤੀਮਾਨਾਂ (Norms) ਤੋਂ ਮੁਕਤ ਨਹੀਂ ਹੋ ਸਕੀ। ਇਸ ਤਰ੍ਹਾਂ ਦੇ ਸਭਿਆਚਾਰਕ ਪ੍ਰਬੰਧ ਵਿੱਚ ਅੱਜ ਵੀ ਨਾਰੀ ਪੁਰਸ਼ ਲਈ ਵਸਤ ਅਤੇ ਗੌਣ (Other) ਹੀ ਹੈ। ਸਮਾਜਿਕ ਰਿਸ਼ਤਿਆਂ ਵਿੱਚ ਵੀ ਉਸ ਪ੍ਰਤੀ ਮਰਦਾਵੀਂ ਕਾਮੁਕ ਬਿਰਤੀ ਭਾਰੂ ਹੈ। ਸਰਬਜੀਤ ਕੌਰ ਸੋਹਲ ਦੀ ਕਹਾਣੀ 'ਇੰਟਰਵਲ ਤੋਂ ਬਾਅਦ' ਵਿੱਚ ਨਾਰੀ ਆਤਮ ਤੇ ਪਿਤਰਕੀ ਪ੍ਰਬੰਧ, ਮਰਦਾਵੀਂ ਕਾਮੁਕਤਾ ਅਤੇ ਜੈਂਡਰ ਪਾਲਿਟਿਕਸ ਦੇ ਪ੍ਰਭਾਵ ਦਾ ਕਰੁਣਾਮਈ ਚਿੱਤਰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿੱਚ ਔਰਤ ਮਨ ਦੇ ਸੂਖਮ ਅਤੇ ਵਿਵਰਜਿਤ ਵਿਸ਼ਿਆਂ ਨੂੰ ਬੜੀ ਕਲਾਤਮਿਕਤਾ ਨਾਲ ਨਿਭਾਇਆ ਹੈ।*

***ਕੀਵਰਡ (Keyword): ਸਰਬਜੀਤ ਕੌਰ ਸੋਹਲ, ਕਹਾਣੀ ਇੰਟਰਵਲ ਤੋਂ ਬਾਅਦ, ਪਿਤਰਕੀ ਪ੍ਰਬੰਧ, ਮਰਦਾਵੀਂ ਕਾਮੁਕਤਾ, ਜੈਂਡਰ ਪਾਲਿਟਿਕਸ।***

ਵਰਤਮਾਨ ਯੁੱਗ ਨੂੰ ਭਾਵੇਂ ਨਾਰੀ ਆਤਮਾ ਦੀ ਆਰਥਿਕ ਨਿਰਭਰਤਾ ਅਤੇ ਸਵੈ-ਸੁਤੰਤਰਤਾ ਦਾ ਯੁੱਗ ਕਿਹਾ ਜਾਂਦਾ ਹੈ ਪ੍ਰੰਤੂ ਫਿਰ ਵੀ ਨਾਰੀ ਪਿਤਰਕੀ ਪ੍ਰਬੰਧ ਦੀਆਂ ਸਥਾਪਿਤ ਰੂੜੀਪਰਕ ਕੀਮਤਾਂ/ਪ੍ਰਤੀਮਾਨਾਂ (Norms) ਤੋਂ ਮੁਕਤ ਨਹੀਂ ਹੋ ਸਕੀ। ਇਸ ਤਰ੍ਹਾਂ ਦੇ ਸਭਿਆਚਾਰਕ ਪ੍ਰਬੰਧ ਵਿੱਚ ਅੱਜ ਵੀ ਨਾਰੀ ਪੁਰਸ਼ ਲਈ ਵਸਤ ਅਤੇ ਗੌਣ (Other) ਹੀ ਹੈ। ਸਮਾਜਿਕ ਰਿਸ਼ਤਿਆਂ ਵਿੱਚ ਵੀ ਉਸ ਪ੍ਰਤੀ ਮਰਦਾਵੀਂ ਕਾਮੁਕ ਬਿਰਤੀ ਭਾਰੂ ਹੈ। ਇਸ ਵਿਸ਼ੇ 'ਤੇ ਪੰਜਾਬੀ ਸਾਹਿਤ ਵਿੱਚ ਵੀ ਚਰਚਾ ਹੋ ਰਹੀ ਹੈ। ਅਜੋਕੇ ਸਮੇਂ ਦੀ ਡਾ. ਸਰਬਜੀਤ ਕੌਰ ਸੋਹਲ ਇਕ ਚੇਤਨ ਕਥਾਕਾਰਾ ਹੈ। ਉਹ ਪੰਜਾਬੀ ਸਾਹਿਤ ਦਾ ਅਜਿਹਾ ਧੜੱਲੇਦਾਰ ਨਾਂ ਹੈ ਜਿਸ ਨੇ ਭਾਵਨਾਤਮਿਕ ਰਿਸ਼ਤਿਆਂ ਨੂੰ ਬੜੇ ਤਰਕ ਦੇ ਆਧਾਰ 'ਤੇ ਵਾਚਿਆ ਅਤੇ ਪਰਖਿਆ ਹੈ। ਉਸਨੇ ਸਮਾਜਕ ਤਾਣੇ-ਬਾਣੇ ਤੇ ਕਮਜ਼ੋਰ ਹੁੰਦੇ ਰਿਸ਼ਤਿਆਂ ਦੀ ਸਮਾਜਿਕ ਅਤੇ ਮਾਨਸਿਕ ਪੀੜਾ ਨੂੰ ਯਥਾਰਥਕ ਰੂਪ ਵਿਚ ਉਭਾਰਿਆ ਹੈ। ਪੰਜਾਬੀ ਸੱਭਿਆਚਾਰ ਦੀ ਤਿਲ-ਤਿਲ ਕਰ ਕੇ ਟੁੱਟਦੀ ਮਰਿਆਦਾ ਉਨ੍ਹਾਂ ਦੀ ਕਲਮ ਨੇ ਬਾਖੂਬੀ ਤਰੀਕੇ ਨਾਲ ਕਮਾਲ ਦੀ ਸ਼ੈਲੀ ਵਿਚ ਲਪੇਟ ਕੇ ਪਰੋਈ ਹੈ। ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੀ ਦਸ਼ਾ ਤੇ ਦਿਸ਼ਾ ਦੇ ਨਿਘਾਰ ਦੀ ਗੱਲ ਕੀਤੀ ਹੈ। ਉਸ ਦੀਆਂ ਕਹਾਣੀਆਂ ਵਿੱਚ ਲੋੜੀਂਦੀ ਕੜਕ ਹੈ, ਜੋ ਉਸਨੂੰ ਮੌਜੂਦਾ ਕਹਾਣੀਕਾਰਾਂ ਨਾਲੋਂ ਵੱਖਰੀ ਪਹਿਚਾਣ ਦਿੰਦਿਆ ਹਨ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਕਹਿੰਦੇ ਹਨ ਕਿ,

> *ਸਰਬਜੀਤ ਕੌਰ ਸੋਹਲ ਦੀਆਂ ਕਹਾਣੀਆਂ ਪਾਤਰਾਂ ਅੰਦਰਲੀ ਕਾਮੁਕ ਦੁਰਗੰਧ ਨੂੰ ਬੜੀ ਕਲਾਤਮਿਕਤਾ ਅਤੇ ਸੁਹਜ ਨਾਲ ਕਾਮੁਕ ਸੁਗੰਧ ਵਿੱਚ ਪਰਿਵਰਤਿਤ ਕਰਦੀਆਂ ਹਨ। ਸਰਬਜੀਤ ਕੌਰ ਸੋਹਲ ਕੋਲ ਕਿਸੇ ਵੀ ਸਾਹਿਤਕਾਰ ਲਈ ਲੋੜੀਂਦੀ ਸੂਖਮਤਾ ਅਤੇ ਸ਼ਿਲਖ ਮੌਜੂਦ ਹੈ।*[1]

'ਇੰਟਰਵਲ ਤੋਂ ਬਾਅਦ' ਡਾ. ਸਰਬਜੀਤ ਕੌਰ ਸੋਹਲ ਦੀ ਕਹਾਣੀਆਂ ਦੀ ਚਰਚਿਤ ਪੁਸਤਕ ਹੈ। ਇਸ ਪੁਸਤਕ ਦੀਆਂ ਕਹਾਣੀਆਂ ਵਿੱਚ ਸੋਹਲ ਅਜੋਕੇ ਸਮੇਂ ਵਿਚ ਨਾਰੀ ਦੀ ਮਾਨਸਿਕ ਦਸ਼ਾ ਦੀ ਗੱਲ ਕਰਦੀ ਹੈ। ਹਰੇਕ ਕਹਾਣੀ ਦਾ ਵਿਸ਼ਾ ਬਹੁਤ ਹੀ ਪੀੜਾ ਅਤੇ ਇਸਤਰੀ ਵੇਦਨਾ ਦੀ ਦੁਹਾਈ ਪਾਉਂਦਾ ਹੈ। ਸਰਬਜੀਤ ਕੌਰ ਸੋਹਲ ਦੀ ਕਹਾਣੀ 'ਇੰਟਰਵਲ ਤੋਂ ਬਾਅਦ' ਵਿੱਚ ਨਾਰੀ ਆਤਮ ਤੇ ਪਿਤਰਕੀ ਪ੍ਰਬੰਧ, ਮਰਦਾਵੀਂ ਕਾਮੁਕਤਾ ਅਤੇ ਜੈਂਡਰ ਪਾਲਿਟਿਕਸ ਦੇ ਪ੍ਰਭਾਵ ਦਾ ਕਰੁਣਾਮਈ ਚਿੱਤਰ ਪੇਸ਼ ਕੀਤਾ ਗਿਆ ਹੈ। ਇਸ ਸੰਬੰਧ ਵਿੱਚ ਅੰਮ੍ਰਿਤਪਾਲ ਕਲੇਰ ਲਿਖਦੀ ਹੈ,

> *ਇਹ ਕਹਾਣੀਆਂ ਦੀ ਪੁਸਤਕ ਪੰਜਾਬੀ ਕਹਾਣੀ ਨੂੰ ਹੋਰ ਮਜ਼ਬੂਤੀ ਬਖ਼ਸ਼ ਕੇ ਨਵੇਂ ਦਿਸਹੱਦੇ ਸਥਾਪਤ ਕਰਦੀ ਹੈ। ਬੇਬਾਕੀ ਨਾਲ ਲਿਖੀ ਹਰ ਕਹਾਣੀ ਔਰਤ ਦੀ ਮਨੋਦਸ਼ਾ ਨੂੰ ਬਿਆਨ ਕਰਨ ਦੇ ਨਾਲ-ਨਾਲ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਦੀ ਮਾਨਸਿਕ ਪੀੜਾ ਨੂੰ ਉਜਾਗਰ ਤਾਂ ਕਰਦੀ ਹੀ ਹੈ ਨਾਲ ਸਮਾਜ ਦੇ ਯਥਾਰਥਕ ਕਲੰਕ ਨੂੰ ਵੀ ਚੁਣੌਤੀ ਦਿੰਦੀ ਹੈ। ਸਰਬਜੀਤ ਦੀ ਹਰ ਕਹਾਣੀ ਚੇਤਨਾ ਦੇ ਪਾਂਧੀਆਂ ਨੂੰ ਵੰਗਾਰਦੀ ਹੈ ਅਤੇ ਸਮਾਜ ਦੇ ਠੇਕੇਦਾਰਾਂ ਦੇ ਮੱਥੇ 'ਤੇ ਸਵਾਲੀਆ ਚਿੰਨ੍ਹ ਛੱਡਦੀ ਹੈ।*[2]

ਸਰਬਜੀਤ ਕੌਰ ਸੋਹਲ ਦੀ ਇਹ ਕਹਾਣੀ ਦੇ ਕੇਂਦਰ ਵਿੱਚ ਮਨੁੱਖ ਦੀ ਹਾਬੜੀ ਹੋਈ ਉਹ ਕਾਮੁਕ ਇੱਛਾ ਹੈ ਜੋ ਉਹ ਨਾਰੀ ਤੋਂ ਹਰ ਸਮੇਂ ਉਚਿਤ ਅਤੇ ਅਣਉੱਚਿਤ ਢੰਗ ਨਾਲ ਪੂਰੀ ਕਰਨਾ ਲੋਚਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਇਹ ਪੂਰਤੀ ਦੀ ਇੱਛਾ ਮਨੁੱਖ ਵਿੱਚ ਬਚਪਨ ਤੋਂ ਹੀ ਪਨਪਣੀ ਸ਼ੁਰੂ ਹੋ ਜਾਂਦੀ ਹੈ। ਸਮਾਜੀਕਰਨ ਦੀ ਪ੍ਰਕਿਰਿਆ ਰਾਹੀਂ ਪਿਤਰਕੀ ਪੁਰਸ਼ ਨੂੰ ਸਮਾਜਿਕ ਦ੍ਰਿਸ਼ ਦੇ ਕੇਂਦਰ ਵਿੱਚ ਸਥਾਪਿਤ ਕਰਦੀ ਹੈ। ਜੈਵਿਕ ਵਿਕਾਸ ਦੀ ਦ੍ਰਿਸ਼ਟੀ ਨਾਰੀ ਪ੍ਰਤੀ ਲਗਾਤਾਰ ਤਬਦੀਲ ਹੁੰਦੀ ਰਹਿੰਦੀ ਹੈ। ਪਿਤਰਕੀ ਪ੍ਰਬੰਧ ਵਿੱਚ ਪੁਰਸ਼/ਮਰਦਾਵੀਂ ਹਉਂ/ ਪੁਰਸ਼ ਦੀ ਕਾਮੁਕ ਵਿਹਾਰ ਨਾਰੀ ਆਤਮ ਨੂੰ ਅਵਚੇਤਨੀ ਪੱਧਰ ਤੇ ਲਗਾਤਾਰ ਵਿਚਲਿਤ ਹੀ ਨਹੀਂ ਕਰਦਾ ਸਗੋਂ ਇਹ ਵਿਹਾਰ-ਦੁਰਵਿਹਾਰ ਉਸ ਦਾ ਜ਼ਖ਼ਮੀ ਅਤੀਤ ਬਣ ਕੇ ਤਾਉਮਰ ਉਸ ਦਾ ਪਿੱਛਾ ਕਰਦਾ ਹੈ। ਪਿਤਰਕੀ ਪ੍ਰਬੰਧ ਸਭਿਆਚਾਰਕ ਪ੍ਰਬੰਧਾਂ ਅਤੇ ਪ੍ਰਤਿਮਾਨਾਂ ਰਾਹੀਂ ਨਾਰੀ ਆਤਮ ਤੇ ਪੁਰਸ਼ ਮਾਲਕੀ ਸਥਾਪਿਤ ਕਰਕੇ ਨਾਰੀ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਨੂੰ ਸਮਾਜਿਕ ਪ੍ਰਵਾਨਗੀ ਪ੍ਰਦਾਨ ਕਰਦਾ ਹੈ।

*"ਇਨਸਾਨ ਨੂੰ ਲਿੰਗ-ਭੇਦ ਜੈਂਡਰ ਦੇ ਨਜ਼ਰੀਏ ਤੋਂ ਵੇਖਣ ਦਾ ਵਰਤਾਰਾ ਪਿਤਰ ਸੱਤਾ ਕੇਂਦਰਿਤ ਵਿਚਾਰਧਾਰਾ ਦਾ ਮੂਲ ਆਧਾਰ ਹੈ। ਇਹ ਵਿਚਾਰਧਾਰਾ ਅਧੀਨ ਔਰਤ ਕਮਜ਼ੋਰ ਅਤੇ ਮਰਦ ਸ਼ਕਤੀਆਂ ਦੇ ਅਧੀਨ ਅਤੇ ਅਕਿਰਿਆਸ਼ੀਲ ਪ੍ਰਾਣੀ ਹੈ। ਪਿਤਰ ਪ੍ਰਧਾਨ ਸਮਾਜਿਕ ਸੰਰਚਨਾ ਮਨੁੱਖ ਨੂੰ ਜਾਂ ਪੁਰਸ਼ ਦੁਆਰਾ ਔਰਤ ਨੂੰ ਅਧੀਨ ਰੱਖਣ ਦੀ ਰੁਚੀ ਵਜੋਂ ਹੋਂਦ ਵਿੱਚ ਆਉਂਦੀ ਹੈ।"*[3]

ਪਿਤਰਕੀ ਪ੍ਰਬੰਧ ਵਿੱਚ ਨਾਰੀ ਦੀ ਚੁੱਪ ਨੂੰ ਹੀ ਆਦਰਸ਼ ਨਾਰੀ ਹੋਣ ਦਾ ਸਬੂਤ ਮੰਨਿਆ ਜਾਂਦਾ ਹੈ। 'ਟੂ ਮੀਟ' ਮੁਹਿੰਮ ਨਾਰੀ ਦੀ ਇਸ ਚੁੱਪ ਨੂੰ ਤੋੜਦੀ ਹੋਈ ਇਸ ਦੇ ਸਮਾਂਤਰ ਵਰਤਮਾਨ ਉਪਭੋਗੀ ਯੁੱਗ ਵਿੱਚ ਇਸ ਤਰ੍ਹਾਂ ਦੇ ਯਥਾਰਥ ਨੂੰ ਭੋਗਦੀਆਂ ਕੁੜੀਆਂ/ ਨਾਰੀ ਦੇ ਜੀਵਨ ਬਿਰਤਾਂਤ ਰਾਹੀਂ ਇਸ ਵਿਹਾਰ ਦੀ ਲਗਾਤਾਰਤਾ ਦਾ ਬਿਰਤਾਂਤ ਵੀ ਸਿਰਜਦੀ ਹੈ। ਇਹ ਕਹਾਣੀ ਨਾਰੀ ਆਤਮ ਦੀਆਂ ਤਰਲ ਸੰਵੇਦਨਾਵਾਂ ਦਾ ਕਰੁਣਾਮਈ ਚਿੱਤਰ ਪੇਸ਼ ਕਰਦੀ ਹੈ। ਸਰਬਜੀਤ ਕੌਰ ਸੋਹਲ ਇਸ ਕਹਾਣੀ ਵਿੱਚ ਸੂਤਰਧਾਰ ਦੀ ਵਿਧੀ ਰਾਹੀਂ ਪੁਰਸ਼ ਦੀ ਨਾਰੀ ਪ੍ਰਤੀ ਵਸਤੂਵਾਦੀ ਦ੍ਰਿਸ਼ਟੀ ਦਾ ਵਿਖੰਡਨ ਕਰਦੀ ਹੋਈ ਸਾਡੇ ਸਮਾਜਿਕ ਰਿਸ਼ਤਿਆਂ ਅਤੇ ਪ੍ਰਬੰਧ ਤੇ ਪ੍ਰਸ਼ਨ ਚਿੰਨ੍ਹ ਅੰਕਿਤ ਕਰਦੀ ਹੈ। ਸਮਾਜਿਕ ਰਿਸ਼ਤਿਆਂ ਵਿੱਚ ਕਾਮੁਕ ਭੁੱਖ ਦਾ ਚਿਤਰਨ,

*"ਸਾਡੇ ਵੇਲੇ ਤਾਂ ਆਹੀ ਕੁਝ ਹੁੰਦਾ ਸੀ, ਦਿਉਰ, ਜੇਠ, ਨਣਦੋਈਏ ਐਵੇਂ ਈ ਘੇਰ ਲਿਆ ਕਰਦੇ ਸਨ, ਬੱਸ ਡਰਦੀਆਂ, ਕਹਿੰਦੀਆਂ ਹੀ ਨਾ, ਹੁਣ ਤਾਂ ਉਈਂ ਰੌਲਾ ਪਾਈ ਜਾਂਦੀਆਂ ਹਨ।*[4]

ਇਸ ਕਹਾਣੀ ਵਿੱਚ ਤਾਈ ਦਾ ਵਾਰਤਾਲਾਪ ਨਾਰੀ ਆਤਮ ਅੰਦਰ ਪਿਤਰਕੀ ਦੇ ਪ੍ਰਤਿਮਾਨਕ ਨਿਰਧਾਰਨਵਾਦ ਦਾ ਪ੍ਰਤੀਕ ਹੈ। ਇਸ ਵਾਰਤਾਲਾਪ ਦੀ ਗਹਿਨ ਸੰਰਚਨਾ ਵਿੱਚ ਨਾਰੀ ਮਨ ਦੀ ਉਹ ਪੀੜ ਵੀ ਪਈ ਹੋਈ ਜਿਸ ਨੂੰ ਉਹ ਸਦੀਆਂ ਤੋਂ ਭੋਗ ਰਹੀ ਹੈ ਅਤੇ ਇਸ ਨੂੰ ਸੱਚ ਵਜੋਂ ਸਵੀਕਾਰ ਕਰੀ ਬੈਠੀ ਹੈ। ਸਮਾਜਿਕ ਰਿਸ਼ਤੇ ਕਿਤੇ ਉਸ ਲਈ ਸੰਵੇਦਨਾਵਾਂ ਬਣਦੇ ਹਨ ਅਤੇ ਕਿਤੇ ਉਸ ਤੇ ਮਾਲਕੀ ਸਥਾਪਿਤ ਕਰਕੇ ਉਸ ਦਾ ਸਰੀਰਕ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਪਿਤਰਕੀ ਪ੍ਰਬੰਧ ਦੇ ਸਥਾਪਿਤ ਪ੍ਰਤੀਮਾਨ/ ਆਦਰਸ਼ ਉਸ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਉਹ ਸਮਾਜਿਕ ਪੱਧਰ ਤੇ ਗੌਣ ਹੈ ਅਤੇ ਇਸ ਅਵਸਥਾ ਵਿੱਚ ਉਸ ਦੇ ਅਸਤਿਤਵੀ ਮਸਲੇ ਕੋਈ ਅਰਥ ਨਹੀਂ ਰੱਖਦੇ।

ਇਸ ਸਪੇਸ ਵਿੱਚ ਉਹ ਪੁਰਸ਼ ਦੇ ਪੂਰਕ ਵਜੋਂ ਹੀ ਪਰਿਭਾਸ਼ਿਤ ਹੋ ਰਹੀ ਹੈ। ਸਰਬਜੀਤ ਕੌਰ ਸੋਹਲ ਆਪਣੀ ਕਹਾਣੀ 'ਇੰਟਰਵਲ ਤੋਂ ਬਾਅਦ' ਰਾਹੀਂ ਇਸ ਬਿਰਤਾਂਤ ਦੀ ਕਾਰਜਸ਼ੀਲਤਾ ਨੂੰ ਵਰਤਮਾਨ ਤੱਕ ਲੈ ਆਉਂਦੀ ਹੈ। ਸੂਤਰਧਾਰ ਦੀ ਵਿਧੀ ਰਾਹੀਂ ਉਹ ਸਾਡੇ ਸਭਿਆਚਾਰਕ ਪ੍ਰਬੰਧਾਂ, ਰਿਸ਼ਤਿਆਂ ਅੰਦਰ ਪਸਰੀ ਜੈਂਡਰ ਪਾਲਿਟਿਕਸ ਨੂੰ ਨਾਰੀ ਆਤਮ ਦੇ ਸੰਦਰਭ ਵਿੱਚ ਇੱਕ ਤ੍ਰਾਸਦਿਕ ਅਨੁਭਵ ਵਜੋਂ ਵੇਖਦੀ/ ਪੇਸ਼ ਕਰਦੀ ਹੈ। ਇੱਥੇ ਵੀ ਪੁਰਸ਼ ਪ੍ਰਭਾਵੀ ਧਿਰ ਹੈ ਅਤੇ ਨਾਰੀ ਉਤਪੀੜਤ ਧਿਰ ਹੈ। ਨਾਰੀ ਆਤਮ ਦੀ ਇਹ ਪੀੜ ਉਸ ਦੀ ਉਮਰ ਦੇ ਹਰ ਪੜਾਅ ਤੇ ਬਣੀ ਰਹਿੰਦੀ ਹੈ। ਮਨੁੱਖ ਦਾ ਆਪਣੀ ਕਾਮੁਕ ਲੋੜਾਂ ਲਈ ਆਪਣੀਆਂ ਧੀਆਂ ਪ੍ਰਤੀ ਅਸੰਵੇਦਨਸ਼ੀਲਤਾ ਸਾਡੀ ਸਮਾਜਿਕ ਵਿਵਸਥਾ ਅਤੇ ਆਚਰਨ ਦੀ ਲਗਾਤਾਰ ਨਿੱਘਰਦੀ ਹਾਲਤ ਦਾ ਪ੍ਰਤੀਕ ਹੈ। ਕੀ ਵਰਤਮਾਨ ਕਾਲ ਵਿੱਚ ਮਨੁੱਖ ਐਨਾ ਅਸੱਭਿਅਕ, ਕਾਮਕ ਅਤੇ ਚਰਿੱਤਰਹੀਣ ਹੋ ਚੁੱਕਾ ਹੈ? ਕੀ ਉਸ ਕੋਲ ਆਪਣੀ ਕਾਮ ਪੂਰਤੀ ਤੋਂ ਬਿਨਾਂ ਜੀਵਨ ਦੇ ਹੋਰ ਕੋਈ ਮਸਲੇ ਨਹੀਂ ਰਹੇ? ਪੁਰਸ਼ ਦੀ ਇਹ ਕਾਮਕ ਬਿਰਤੀ ਨੂੰ ਬਾਹਰੀ ਪੱਧਰ ਤੇ ਕਿਹੜੇ ਤੱਤ ਪ੍ਰਭਾਵਿਤ ਕਰ ਰਹੇ ਹਨ? ਭਵਿੱਖ ਵਿੱਚ ਸਾਡੇ ਸਮਾਜਿਕ ਰਿਸ਼ਤਿਆਂ ਦੀ ਕੀ ਸਥਿਤੀ ਹੋਵੇਗੀ? ਆਦਿ ਅਜਿਹੇ ਪ੍ਰਸ਼ਨ ਹਨ ਜੋ ਇਸ ਕਹਾਣੀ ਦੇ ਪਾਠ ਵਿੱਚੋਂ ਲਗਾਤਾਰ ਉੱਭਰਦੇ ਅਤੇ ਉੱਤਰ ਮੰਗਦੇ ਹਨ। ਸਰਬਜੀਤ ਕੌਰ ਸੋਹਲ ਇਨ੍ਹਾਂ ਵਰਤਾਰਿਆਂ ਦੇ ਘਟਣ ਦੇ ਤੱਤ ਸਾਡੇ ਸਥਾਪਿਤ ਸਭਿਆਚਾਰਕ ਪ੍ਰਬੰਧਾਂ ਵਿੱਚ ਪੁਰਸ਼ ਦੀ ਪ੍ਰਭਾਵੀ ਹੋਂਦ ਵਿੱਚ ਵੇਖਦੀ ਹੈ।

*ਸਭਿਆਚਾਰਕ ਪ੍ਰਕਿਰਿਆਵਾਂ ਵਿੱਚ ਮਰਦ ਸਚੇਤ ਹਾਵੀ ਜੋਖ਼ਮ ਉਠਾਉਣ ਵਾਲਾ ਤਰਕਵਾਦੀ ਤੇ ਸਿਰਜਨਾਤਮਕ ਸਵੀਕਾਰ ਕੀਤਾ ਗਿਆ ਜਦ ਕਿ ਇਸ ਤੋਂ ਵਿਰੋਧੀ ਸੁਣ ਕਿ ਚੁੱਪ-ਚਾਪ ਰਹਿਣਾ, ਕਮਜ਼ੋਰੀ, ਭਾਵਕਤਾ ਤੇ ਪਰੰਪਰਾ ਨਾਲ ਜੁੜੇ ਰਹਿਣ ਦੇ ਗੁਣ ਔਰਤ ਦੇ ਹਿੱਸੇ ਆਏ*[5]

ਇਸ ਕਹਾਣੀ ਦਾ ਸਿਰਲੇਖ 'ਇੰਟਰਵਲ ਤੋਂ ਬਾਅਦ' ਇੱਥੇ ਅਜਿਹਾ ਚਿਹਨ ਬਣਦਾ ਹੈ ਜੋ ਵਰਤਮਾਨ ਯੁੱਗ ਵਿੱਚ ਨਾਰੀ ਆਤਮ ਅੰਦਰ ਆਪਣੇ ਅਸਤਿਤਵਵੀ ਮਸਲਿਆਂ ਪ੍ਰਤੀ ਆ ਰਹੀ ਚੇਤਨਾ ਦਾ ਪ੍ਰਤੀਕ ਹੈ। 'ਟੂ ਮੀਟ' ਮੁਹਿੰਮ ਨਾਰੀ ਆਤਮ ਦਾ ਮਰਦਾਵੀਂ ਹਉਂ ਅਤੇ ਪ੍ਰਬੰਧ ਦੀ ਕਾਰਜਸ਼ੀਲਤਾ ਦਾ ਇੰਟਰਵਲ ਹੈ। ਹੁਣ ਇਸ ਵਰਤਾਰੇ ਪ੍ਰਤੀ ਨਾਰੀ ਸਚੇਤ ਹੋ ਚੁੱਕੀ ਹੈ। ਵਰਤਮਾਨ ਯੁੱਗ ਵਿੱਚ ਆਈ ਨਵੀਂ ਚੇਤਨਾ ਨੇ ਉਸ ਨੂੰ ਆਪਣੇ ਅਸਤਿਤਵੀ ਮਸਲਿਆਂ ਪ੍ਰਤੀ ਜਾਗਰੂਕ ਵੀ ਕੀਤਾ ਹੈ ਅਤੇ ਉਸ ਨੂੰ ਇਸ ਤਰ੍ਹਾਂ ਦੇ ਵਰਤਾਰਿਆਂ ਪ੍ਰਤੀ ਪ੍ਰਤੀਰੋਧ ਦੀ ਭਾਸ਼ਾ ਦੀ ਪ੍ਰਦਾਨ ਕੀਤੀ ਹੈ।

ਪਿਤਰਕੀ ਪ੍ਰਬੰਧ ਵਿੱਚ ਵਿਚਰਦੀ ਪਰੰਪਰਾਈ ਨਾਰੀ ਮੂਕ ਰਹੀ ਹੈ ਪ੍ਰੰਤੂ ਵਰਤਮਾਨ ਕਾਲ ਵਿੱਚ ਇਸ ਚੇਤਨ ਨਾਰੀ ਲਈ ਇਹ ਪੀੜ੍ਹ ਅਸਹਿ ਹੈ। ਇਹ ਸਮਾਂ ਪਿਤਰਕੀ ਦੀਆਂ ਸਥਾਪਿਤ ਪ੍ਰਤਿਮਾਨਕ ਕੀਮਤਾਂ ਤੇ ਵਿਖੰਡਨ ਦਾ ਸਮਾਂ ਹੈ। ਹੁਣ ਇਹ ਨਾਰੀ ਸਭਿਆਚਾਰਕ ਪ੍ਰਬੰਧਾਂ ਅੰਦਰ ਫੈਲੀ ਪੁਰਸ਼ ਦੀ ਕਾਮੁਕਤਾ, ਅਸ਼ਲੀਲਤਾ ਤੇ ਪਰਦਾ ਪਾਉਂਦੇ ਪ੍ਰਤਿਮਾਨਾਂ ਦਾ ਦਲੀਲ ਨਾਲ ਵਿਖੰਡਨ ਕਰਕੇ ਨਾਰੀ ਆਤਮ ਦੀ ਸਵੈ-ਸੁਤੰਤਰਤਾ ਦਾ ਨਵਾਂ ਬਿਰਤਾਂਤ ਸਿਰਜੇਗੀ। ਸਰਬਜੀਤ ਕੌਰ ਸੋਹਲ ਇਸ ਕਹਾਣੀ ਰਾਹੀਂ ਪਿਤਰਕੀ ਪ੍ਰਬੰਧ ਅੰਦਰ ਵਿਚਰਦੀ ਨਾਰੀ ਦੇ ਜੀਵਨ ਬਿਰਤਾਂਤ ਅਤੇ ਸਮਕਾਲੀ ਉਪਭੋਗਤਾਵਾਦੀ/ ਬਜ਼ਾਰੀਕਰਨ ਦੇ ਦੌਰ ਵਿੱਚ ਵਿਚਰਦੀ ਨਾਰੀ ਦੇ ਜੀਵਨ ਵਿੱਚ ਘਟਤ ਹੋ ਰਹੇ ਯਥਾਰਥ ਨੂੰ ਸਮਾਂਤਰ ਰੱਖ ਕੇ ਅਜਿਹੇ ਕਰੁਣਾ-ਦ੍ਰਿਸ਼ ਪੇਸ਼ ਕਰਦੀ ਹੈ ਜੋ ਮਾਨਵੀ ਚੇਤਨਾ ਅਤੇ ਸਮਕਾਲੀ ਪ੍ਰਬੰਧਾਂ ਤੇ ਬੜੇ ਵੱਡੇ ਪ੍ਰਸ਼ਨ ਅੰਕਿਤ ਕਰ ਜਾਂਦੇ ਹਨ।

ਸਰਬਜੀਤ ਕੌਰ ਸੋਹਲ ਪੰਜਾਬੀ ਦੀ ਇੱਕ ਸਥਾਪਿਤ ਕਵਿੱਤਰੀ ਅਤੇ ਕਹਾਣੀਕਾਰਾਂ ਸ਼ਾਇਰਾ ਹੈ। ਉਸ ਨੇ ਆਪਣੀ ਕਾਵਿ ਸਿਰਜਣਾ ਵਿੱਚ ਵੀ ਨਾਰੀ ਆਤਮ ਦੇ ਸੰਵੇਦਨਸ਼ੀਲ ਆਪੇ ਨੂੰ ਪੇਸ਼ ਕੀਤਾ ਹੈ। 'ਇੰਟਰਵਲ ਤੋਂ ਬਾਅਦ' ਕਹਾਣੀ ਵਿੱਚ ਉਹ ਨਾਰੀ ਆਤਮ ਦੀ ਸਮਾਜਿਕ ਸਪੇਸ ਵਿੱਚ ਹੋਂਦ ਅਤੇ ਹੋਣੀ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੈ। ਉਹ ਇਹ ਤੱਥ ਉਭਾਰਦੀ ਪੁਰਸ਼ ਦੀ ਨਾਰੀ ਪ੍ਰਤੀ ਦ੍ਰਿਸ਼ਟੀ ਅੰਦਰ ਨਾਰੀ ਦੀ ਵਸਤੂਵਾਦੀ ਹੋਂਦ ਦੀ ਭਾਰੂ ਰਹਿੰਦੀ ਹੈ।

'ਇੰਟਰਵਲ ਤੋਂ ਬਾਅਦ' ਕਹਾਣੀ ਵਿੱਚ ਸਰਬਜੀਤ ਕੌਰ ਸੋਹਲ ਪਿਤਰਕੀ ਅਤੇ ਉਪਭੋਗਵਾਦੀ ਦੌਰ ਵਿੱਚ ਵਿਚਰਦੀ ਨਾਰੀ ਦੇ ਜੀਵਨ ਯਥਾਰਥ ਨੂੰ ਸਮਾਂਤਰ ਰੱਖ ਕੇ ਵਿਸ਼ਲੇਸ਼ਿਤ ਕਰਦੀ ਹੈ। ਪਿਤਰਕੀ ਵਿੱਚ ਵਿਚਰਦੀ ਪਰੰਪਰਾ ਨਾਰੀ ਮੂਕ ਹੈ ਅਤੇ ਵਰਤਮਾਨ ਸਮੇਂ ਵਿੱਚ ਵਿਚਰਦੀ ਨਾਰੀ ਆਪਣੀ ਅਸਤਿਤਵੀ ਅਤੇ ਸਮਾਜਿਕ ਮਸਲਿਆਂ ਪ੍ਰਤੀ ਚੇਤਨ ਹੋ ਕੇ ਵਿਦਰੋਹ ਦਾ ਨਵੀਨ ਬਿਰਤਾਂਤ ਸਿਰਜ ਰਹੀ ਹੈ। ਇਸ ਵਿਦਰੋਹੀ ਨਾਰੀ ਕੋਲ ਆਪਣੀ ਪ੍ਰਤੀਰੋਧਕ ਭਾਸ਼ਾ ਵੀ ਹੈ।

ਸਮੁੱਚੇ ਤੌਰ ‘ਤੇ ਸਰਬਜੀਤ ਕੌਰ ਸੋਹਲ ਇਸ ਤਰ੍ਹਾਂ ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਪੁਰਸ਼ ਦੀ ਕਾਮੁਕ ਦ੍ਰਿਸ਼ਟੀ ਦੇ ਕਰੁਣਾ ਚਿੱਤਰ ਪੇਸ਼ ਕਰਦੀ ਹੈ। ਨਿਰਸੰਦੇਹ ਇਹ ਸਾਡੀ ਨਿੱਘਰ ਰਹੀ ਸਮਾਜਿਕ ਹਾਲਤ ਦਾ ਪ੍ਰਤੀਕ ਹੈ। ਇਹ ਕਹਾਣੀ 'ਟੂ ਮੀਟ' ਦੀ ਮੁਹਿੰਮ ਰਾਹੀਂ ਨਾਰੀ ਆਤਮ ਨਾਲ ਹੋ ਰਹੇ ਮਰਦਾਵੀਂ ਵਿਹਾਰ ਦੀ ਪ੍ਰਤੀਕੂਲਤਾ ਅਤੇ ਕਾਰਜਸ਼ੀਲਤਾ ਨੂੰ ਚਿੱਤਰ ਕੇ ਸਾਡੇ ਸਾਹਮਣੇ ਕਰੁਣਾ ਦ੍ਰਿਸ਼ ਪੇਸ਼ ਕਰਕੇ ਇਹ ਤੱਥ ਉਭਾਰਦੀ ਹੈ ਕਿ ਵਰਤਮਾਨ ਸਥਿਤੀ ਵਿੱਚ ਨਾਰੀ ਆਤਮ ਦੀ ਸਮਾਜਿਕ ਹੋਂਦ ਅਤੇ ਸੁਤੰਤਰਤਾ ਪ੍ਰਤੀ ਪੁਰਸ਼ ਨੂੰ ਆਪਣੀ ਦ੍ਰਿਸ਼ਟੀ ਬਦਲਣ ਦੀ ਜ਼ਰੂਰਤ ਹੈ। ਭਾਵੇਂ ਉਪਭੋਗਤਾ ਦੇ ਦੌਰ ਵਿੱਚ ਵੀ ਨਾਰੀ ਆਤਮ ਦੀ ਇਹ ਜੈਵਿਕ ਹੋਂਦ ਉਸ ਲਈ ਨਵੇਂ ਸੰਕਟ ਪੈਦਾ ਕਰ ਰਹੀ ਹੈ ਪ੍ਰੰਤੂ ਵਰਤਮਾਨ ਸਮੇਂ ਉਹ ਮੂਲਕ ਅਵਸਥਾ ਵਿੱਚ ਨਹੀਂ, ਹੁਣ ਉਸ ਕੋਲ ਆਪਣੀ ਹੋਂਦ ਦੀ ਲੜਾਈ ਲੜਨ ਲਈ ਚੇਤਨਾ/ ਜਾਗਰੂਕਤਾ ਵੀ ਹੈ ਅਤੇ ਮਰਦਾਵੀਂ ਬਿਰਤਾਂਤਾਂ ਦੇ ਵਿਰੋਧ ਲਈ ਪ੍ਰਤੀਰੋਧਕ ਭਾਸ਼ਾ ਵੀ ਹੈ।

## ਹਵਾਲੇ ਅਤੇ ਟਿੱਪਣੀਆਂ


1. https://parvasinewspaper.com/?p=76266
2. https://www.punjabijagran.com/lifestyle/sahit-and-sabhyachar-the-pain-of-weakening-relationships-8913750.html
3. ਡਾ. ਗੁਰਮੀਤ ਕੌਰ, ਪੰਜਾਬੀ ਨਾਰੀ ਕਾਵਿ ਤੇ ਪਿਤਰਸੱਤਾ : ਪ੍ਰਤਿ ਹੁੰਗਾਰਾ, ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ ਪੰਨਾ: 48
4. ਡਾ. ਸਰਬਜੀਤ ਕੌਰ ਸੋਹਲ, ਇੰਟਰਵਲ ਤੋਂ ਬਾਅਦ (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ। ਪੰਨਾ: 25
5. ਡਾ. ਰਜਨੀ ਰਾਣੀ, ਨਾਰੀਵਾਦੀ ਚਿੰਤਨ ਅਤੇ ਪੰਜਾਬੀ ਕਹਾਣੀ, ਐੱਮ ਪੀ. ਪ੍ਰਕਾਸ਼ਨ, ਦਿੱਲੀ, ਪੰਨਾ: 51